
# ਸਾਹਿਤ ਸਭਾਵਾਂ ਦੇ ਉਦੇਸ਼

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਇਹ ਇਕ ਮੰਨ ਲੈਣ ਵਾਲੀ ਸਚਾਈ ਹੈ ਕਿ ਪੰਜਾਬ ਦੇ ਆਮ ਲੋਕਾਂ ਵਿਚ ਸੁਹਜ-ਸਵਾਦ ਦੀ ਘਾਟ ਹੈ। ਉਨ੍ਹਾਂ ਦੇ ਅਖੜ ਸੁਭਾਅ ਨੂੰ ਬਹੁਤੀ ਵਾਰ ਪੰਜਾਬੀ ਪਹਿਚਾਣ ਕਰਕੇ ਟਾਲ ਦਿੱਤਾ ਜਾਂਦਾ ਹੈ। ਆਮ ਬੋਲਚਾਲ ਵਿਚ ਮਾਂ, ਭੈਣ ਦੀ ਗਾਲ੍ਹ ਨੂੰ ਵੀ ਪੰਜਾਬੀ ਸਭਿਆਚਾਰ ਦਾ ਇਕ ਹਿੱਸਾ ਹੀ ਸਮਝਿਆ ਜਾਂਦਾ ਹੈ ਅਤੇ ਇਹਨੂੰ ਮਾਣ ਵਾਲੀ ਗੱਲ ਕਹਿਣ ਵਾਲੇ ਵੀ ਸਾਡੇ ਵਿਚ ਮੌਜੂਦ ਹਨ। ਇਹ ਸੋਚ ਬਦਲਣੀ ਜ਼ਰੂਰੀ ਹੈ। ਇਸ ਵੇਲੇ ਪੰਜਾਬ ਦਾ ਗਰਾਫ ਭਾਵੇਂ ਖੇਡਾਂ ਦਾ ਖੇਤਰ ਹੋਵੇ ਜਾਂ ਸਾਹਿਤ ਕਲਾ ਦਾ ਖੇਤਰ ਹੋਵੇ, ਥੱਲੇ ਹੀ ਥੱਲੇ ਜਾ ਰਿਹਾ ਹੈ। ਇਹਦਾ ਕਾਰਨ ਸਾਡੀ ਸੋਚ ਵਿਚ ਸ਼ਾਵਨਵਾਦ ਦਾ ਅੰਸ਼ ਹੈ। ਥੋੜ੍ਹੀ ਜਿਹੀ ਵੀ ਪ੍ਰਾਪਤੀ ਕਰ ਲਈਏ ਤਾਂ ਸਮਝ ਲੈਂਦੇ ਹਾਂ ਕਿ ਅਸੀਂ ਬੜੀਆਂ ਮੱਲਾਂ ਮਾਰ ਲਈਆਂ ਹਨ। ਦੁਨੀਆਂ ਸਾਡੇ ਪੈਰਾਂ ਉਤੇ ਡਿੱਗੇ। ਜੇ ਉਹ ਨਹੀਂ ਡਿੱਗਦੀ ਤਾਂ ਇਹਦਾ ਇਕਦਮ ਇਹ ਮਤਲਬ ਕੱਢ ਲਿਆ ਜਾਂਦਾ ਹੈ ਕਿ ਕੇਂਦਰ ਵਾਲੇ ਪੰਜਾਬੀਆਂ ਨਾਲ ਅਤੇ ਖਾਸ ਕਰ ਕੇ ਸਿੱਖਾਂ ਨਾਲ ਬਦਸਲੂਕੀ ਕਰਦੇ ਹਨ। ਇਸ ਮਾਨਸਿਕਤਾ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। ਸੁਹਜ- ਸਵਾਦ ਵਿਚ ਵਾਧਾ ਕਰਨਾ, ਸੋਚ ਵਿਚ ਸੰਵੇਦਨਸ਼ੀਲਤਾ ਲਿਆਉਣੀ, ਨਾਜਾਇਜ਼ ਫੂਕ ਤੋਂ ਨਿਜਾਤ ਦਿਵਾਉਣੀ, ਯਥਾਰਥਵਾਦੀ ਬਣਨਾ, ਮਾਣ ਅਤੇ ਅਭਿਮਾਨ ਦੇ ਦਰਮਿਆਨ ਲਕੀਰ ਖਿੱਚਣੀ, ਇਸ ਕਾਰਜ ਵਿਚ ਸਾਹਿਤ ਅਤੇ ਕਲਾ ਬੜੀ ਅਹਿਮ ਭੂਮਿਕਾ ਨਿਭਾ ਸਕਦੇ ਹਨ। ਪਿਛਲੀ ਵਾਰ ਸਾਹਿਤ ਅਤੇ ਕਲਾ ਦੇ ਉਦੇਸ਼ ਸਮਝਣ ਦੀ ਲੋੜ ਦੇ ਸਿਲਸਿਲੇ ਵਿਚ ਇਹ ਗੱਲਾਂ ਇਸ ਕਾਲਮ ਵਿਚ ਹੋਈਆਂ ਸਨ।

ਸਾਹਿਤ ਦੇ ਖੇਤਰ ਵਿਚ ਸਾਡੀਆਂ ਦੋ ਕੇਂਦਰੀ ਸਭਾਵਾਂ ਹਨ। ਦੋਨਾਂ ਦਾ ਪਿਛੋਕੜ 1958 ਵਿਚ ਗਿਆਨੀ ਹੀਰਾ ਸਿੰਘ ਦਰਦ ਦੀਆਂ ਕੋਸ਼ਿਸ਼ਾਂ ਨਾਲ ਸਥਾਪਤ ਕੀਤੀ ਕੇਂਦਰੀ ਪੰਜਾਬੀ ਲੇਖਕ ਸਭਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮਨੋਰਥ ਪੱਤਰ ਵਿਚ ਇਹ ਗੱਲ ਮੁਖ ਤੌਰ ਉਤੇ ਦਰਜ ਹੈ ਕਿ ਚੰਗੀਆਂ ਕਦਰਾਂ-ਕੀਮਤਾਂ ਵਾਲਾ, ਸਮਾਜਿਕ ਨਿਆਂ ਵਾਲਾ ਸਮਾਜ ਬਣਾਉਣ ਲਈ ਲੇਖਕਾਂ ਨੂੰ ਪ੍ਰੇਰਨਾ ਦੇਣੀ ਅਤੇ ਇਹ ਸਾਹਿਤ ਲੋਕਾਂ ਤਕ ਪਹੁੰਚਾਣਾ ਲੇਖਕ ਸਭਾ ਦਾ ਉਦੇਸ਼ ਹੋਵੇਗਾ। ਲੇਖਕ ਸਭਾਵਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਇਸੇ ਕਸੌਟੀ ਨਾਲ ਕਰਨਾ ਬਣਦਾ ਹੈ। ਇਸ ਸੰਦਰਭ ਵਿਚ ਪ੍ਰਾਪਤੀਆਂ ਜ਼ਰੂਰ ਹਨ ਪਰ ਅਪ੍ਰਾਪਤੀਆਂ ਦੀ ਲਿਸਟ ਵੀ ਬੜੀ ਲੰਮੀ ਹੈ। ਇਹਦੇ ਬਾਰੇ ਸਿਲਸਿਲੇਵਾਰ ਵਿਚਾਰ ਕਰਨਾ ਜ਼ਰੂਰੀ ਹੈ।

ਪਹਿਲੀ ਵੱਡੀ ਗੱਲ ਹੈ ਕਿ ਕੇਂਦਰੀ ਲੇਖਕ ਸਭਾ ਦੀ ਆਪਣੀ ਸਰਗਰਮੀ ਅਤੇ ਇਹਦੇ ਨਾਲ ਸਬੰਧਤ ਲੇਖਕ ਸਭਾਵਾਂ ਦੀਆਂ ਸਰਗਰਮੀਆਂ ਇਸ ਤਰਜ਼ ਦੀਆਂ ਹਨ ਕਿ ਲੇਖਕਾਂ ਨੇ ਆਪਣੇ ਆਪ ਨੂੰ ਸੀਮਤ ਘੇਰੇ ਵਿਚ ਬੰਦ ਕਰ ਲਿਆ ਹੈ। ਕੁਝ ਲੇਖਕ ਇਕੱਠੇ ਹੋ ਕੇ ਬੈਠਦੇ ਹਨ। ਇਕ ਦੂਜੇ ਦੀਆਂ ਰਚਨਾਵਾਂ ਸੁਣਦੇ ਹਨ। ਸੱਚੀ ਝੂਠੀ ਆਲੋਚਨਾ ਕਰਦੇ ਹਨ ਅਤੇ ਫੇਰ ਉੱਠ ਜਾਂਦੇ ਹਨ। ਅਖਬਾਰਾਂ ਵਿਚ ਹੁਣ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਦੀਆਂ ਖਬਰਾਂ ਪੂਰੀ ਤਰ੍ਹਾਂ ਛਪਦੀਆਂ ਹਨ। ਖਬਰਾਂ ਤੋਂ ਬਿਲਕੁਲ ਸਪਸ਼ਟ ਹੈ ਕਿ ਜੋ ਰਚਨਾਵਾਂ ਰਚੀਆਂ ਜਾ ਰਹੀਆਂ ਹਨ ਉਨ੍ਹਾਂ ਨੂੰ ਲੋਕਾਂ ਤਕ ਪਹੁੰਚਾਣ ਦਾ ਕੋਈ ਉਪਰਾਲਾ ਨਹੀਂ ਅਤੇ ਨਾ ਹੀ ਕੋਈ ਫਿਕਰ ਹੈ।

ਇਸ ਦੀ ਇਕ ਮਿਸਾਲ ਡਲਹੌਜ਼ੀ ਵਿਚ ਲੱਗੀ ਬਾਲ ਸਾਹਿਤ ਉਤੇ ਤਿੰਨ-ਰੋਜ਼ਾ ਲੇਖਕ ਵਰਕਸ਼ਾਪ ਹੈ। ਪੰਜਾਬੀ ਬਾਲ ਸਾਹਿਤ ਨਾਲ ਜੁੜੀਆਂ ਨਾਮਵਰ ਹਸਤੀਆਂ ਇਸ ਵਰਕਸ਼ਾਪ ਵਿਚ ਹਾਜ਼ਰ ਸਨ। ਬੜੇ ਸਾਰਥਕ ਵਿਸ਼ਿਆਂ ਉਤੇ ਵਿਚਾਰ ਵਟਾਂਦਰਾ ਹੋਇਆ। ਚੰਗਾ ਬਾਲ ਸਾਹਿਤ ਕਿਸ ਤਰ੍ਹਾਂ ਲਿਖਿਆ ਜਾਵੇ, ਬਾਲਾਂ ਦੀ ਮਾਨਸਿਕਤਾ ਨੂੰ ਕਿਸ ਤਰ੍ਹਾਂ ਸਮਝਿਆ ਜਾਏ ਆਦਿ ਮੁੱਦਿਆਂ ਉਤੇ ਬਹਿਸ ਹੋਈ। ਪਰ ਰਿਪੋਰਟ ਪੜ੍ਹਦਿਆਂ ਇਸ ਕਮੀ ਦਾ ਅਹਿਸਾਸ ਹੋਇਆ ਕਿ ਇਹ ਬਾਲ ਸਾਹਿਤ ਜਿਨ੍ਹਾਂ ਬੱਚਿਆਂ ਲਈ ਲਿਖਿਆ ਜਾਂਦਾ ਹੈ ਉਨ੍ਹਾਂ ਬੱਚਿਆਂ ਨੂੰ ਪੁਚਾਇਆ ਕਿਸ ਤਰ੍ਹਾਂ ਜਾਏ।

ਚੰਡੀਗੜ੍ਹ ਦੇ ਸਕੂਲਾਂ ਦਾ ਤਜਰਬਾ ਦੱਸਦਾ ਹੈ ਕਿ ਪੰਜਾਬੀ ਵਿਚ ਲਿਖੇ ਬਾਲ ਸਾਹਿਤ ਦੀ ਰੱਜੇ ਪੁੱਜੇ ਘਰਾਂ ਦੇ ਬੱਚਿਆਂ ਨੂੰ ਲੋੜ ਨਹੀਂ। ਉਨ੍ਹਾਂ ਲਈ ਅੰਗਰੇਜ਼ੀ ਵਿਚ ਲਿਖਿਆ ਬਾਲ ਸਾਹਿਤ ਮੌਜੂਦ ਹੈ ਅਤੇ ਸਕੂਲਾਂ ਰਾਹੀਂ ਉਹ ਉਨ੍ਹਾਂ ਨੂੰ ਪੁੱਜਦਾ ਹੈ। ਪੰਜਾਬੀ ਵਿਚ ਲਿਖਿਆ ਬਾਲ ਸਾਹਿਤ ਪੰਜਾਬ ਦੇ ਪਿੰਡਾਂ ਵਿਚ ਗਰੀਬ ਬਸਤੀਆਂ ਵਿਚ ਪੜ੍ਹਦੇ ਬੱਚਿਆਂ ਨੂੰ ਲੋੜੀਂਦਾ ਹੈ। ਇਹ ਸਾਹਿਤ ਉਨ੍ਹਾਂ ਨੂੰ ਮੁਫਤ ਵਰਗੀ ਕੀਮਤ ਵਿਚ ਹੀ ਪੁੱਜੇ ਤਾਂ ਹੀ ਉਹ ਪੜ੍ਹ ਸਕਣਗੇ। ਇਹ ਕੀਮਤ ਰੱਖਣ ਵਿਚ ਕਿਹੜੀ ਸੰਸਥਾ ਮਦਦ ਕਰ ਸਕਦੀ ਹੈ, ਉਹਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ। ਇਸ ਤੋਂ ਅੱਗੇ ਜਮਾਤੀ ਵੰਡ ਦੀ ਗੱਲ ਵੀ ਆਉਂਦੀ ਹੈ। ਰੱਜੇ ਪੁੱਜੇ ਘਰਾਂ ਦੇ ਬੱਚਿਆਂ ਦੇ ਅਨੁਭਵ ਹੋਰ ਹਨ ਅਤੇ ਸੜਕਾਂ ਉਤੇ ਖੇਡਦੇ ਨੰਗ-ਧੜੰਗੇ ਬੱਚਿਆਂ ਦੇ ਅਨੁਭਵ ਹੋਰ ਹਨ। ਖਾਸ ਕਰ ਕੇ ਬਾਲੜੀਆਂ ਤਾਂ ਇਸ ਬਾਰੇ ਬੜੀ ਜਲਦੀ ਚੇਤਨ ਹੋ ਜਾਂਦੀਆਂ ਹਨ। ਇਸ ਵਰਗੀਕਰਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਵਰਗੀਕਰਨ ਨੂੰ ਸਿਆਸਤ ਸਮਝ ਕੇ ਨਾ ਟਾਲ ਦਿੱਤਾ ਜਾਏ। ਇਹ ਜ਼ਿੰਦਗੀ ਦਾ ਕਠੋਰ ਯਥਾਰਥ ਹੈ। ਗਰੀਬ ਬੱਚਿਆਂ ਲਈ ਸਾਹਿਤ ਲਿਖਣ ਅਤੇ ਉਨ੍ਹਾਂ ਤਕ ਪੁੱਜਦਾ ਕਰਨ ਲਈ ਸੰਸਥਾਗਤ ਉਪਰਾਲੇ ਦੀ ਲੋੜ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਇਹ ਫਿਕਰ ਹੋਣਾ ਜ਼ਰੂਰੀ ਹੈ।

ਸੰਸਥਾਗਤ ਕਾਰਗੁਜ਼ਾਰੀ ਦੀ ਇਕ ਘਾਟ ਜੈਤੋ ਤੋਂ ਇਕ ਖਬਰ ਵਿਚ ਦਿਸਦੀ ਹੈ। 'ਪੈਨਸ਼ਨ ਨਾ ਮਿਲਣ ਤੇ ਜੈਤੋਈ ਦੀ ਬੱਤੀ ਗੁੱਲ'। ਦੀਪਕ ਜੈਤੋਈ ਸਾਡਾ ਨਾਮਵਰ ਸ਼ਾਇਰ ਹੈ। ਜੇ ਉਹਦੇ ਘਰ ਦੀ ਬੱਤੀ ਗੁੱਲ ਹੈ ਤਾਂ ਇਹ ਸਾਰੇ ਪੰਜਾਬੀਆਂ ਲਈ, ਪੰਜਾਬੀ ਸਾਹਿਤ ਪ੍ਰੇਮੀਆਂ ਲਈ ਅਤੇ ਲੇਖਕਾਂ ਲਈ ਸ਼ਰਮ ਦੀ ਗੱਲ ਹੈ। ਪੰਜਾਬੀਆਂ ਵਿਚ ਸੁਹਜ ਸਵਾਦ ਦੀ ਕਮੀ ਅਤੇ ਲੇਖਕਾਂ ਦੀ ਬੇਕਦਰੀ ਦੀ ਇਹ ਇਕ ਮਿਸਾਲ ਹੈ। ਬਹੁਤੀਆਂ ਫੜ੍ਹਾਂ ਮਾਰਨ ਨਾਲੋਂ ਸ਼ਰਮ ਵਾਲੀਆਂ ਗੱਲਾਂ ਵੱਲ ਧਿਆਨ ਦੇਣਾ ਬਹੁਤਾ ਜ਼ਰੂਰੀ ਹੈ। ਦੀਪਕ ਜੈਤੋਈ ਦੇ ਘਰ ਦੀ ਬੱਤੀ ਕਿਸੇ ਵੀ ਹਾਲਤ ਵਿਚ ਗੁੱਲ ਨਹੀਂ ਹੋਣੀ ਚਾਹੀਦੀ।

ਕੇਂਦਰੀ ਪੰਜਾਬੀ ਲੇਖਕ ਸਭਾ ਇਕ ਸ਼ਕਤੀਸ਼ਾਲੀ ਸਭਾ ਹੋਣੀ ਲੋੜੀਂਦੀ ਹੈ। ਅੱਜ ਦੇ ਸਮਾਜ ਵਿਚ ਇਹਦੇ ਮਨੋਰਥ ਅਤੇ ਕਾਰਗੁਜ਼ਾਰੀ ਬਾਰੇ ਸੋਚ ਵਿਚਾਰ ਕਰਨੀ ਜ਼ਰੂਰੀ ਹੈ। ਚੋਣਾਂ ਤੋਂ ਪਹਿਲਾਂ ਜਾਂ ਇਕਦਮ ਬਾਅਦ ਵਿਚ ਜਨਰਲ ਹਾਊਸ ਦੀ ਮੀਟਿੰਗ ਜ਼ਰੂਰੀ ਹੈ ਤਾਂ ਜੋ ਦਰਪੇਸ਼ ਮੁੱਦੇ ਮਿਥੇ ਜਾਣ। ਚੋਣ ਇਕੋ ਥਾਂ ਲੁਧਿਆਣਾ ਹੋਣੀ ਵੀ ਠੀਕ ਨਹੀਂ। ਇਹ ਪੰਜ ਜਾਂ ਸੱਤ ਥਾਵਾਂ ਉਤੇ ਹੋਣੀ ਚਾਹੀਦੀ ਹੈ ਤਾਂ ਜੋ ਲੇਖਕ ਆਪਣੇ ਆਪ ਉਥੇ ਪੁੱਜ ਸਕਣ। ਉਹ ਦੂਰ-ਦਰਾਡੇ ਵਾਲੇ ਖਰਚ ਤੋਂ ਸੰਕੋਚ ਕਰਦੇ ਹਨ। ਲੇਖਕਾਂ ਨੂੰ ਢੋ ਕੇ ਲਿਆਂਦਾ ਜਾਏ, ਇਹ ਆਪਣੇ ਆਪ ਵਿਚ ਸ਼ਰਮ ਦੀ ਗੱਲ ਹੈ। ਇਹ ਲਾਮਬੰਦੀ ਨਹੀਂ, ਇਹ ਦੁਰਵਰਤਾਰਾ ਹੈ। ਇਸ ਦੀ ਨਿਖੇਧੀ ਜ਼ਰੂਰੀ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਆਪਣਾ ਕੰਮ ਸ਼ਾਨ ਅਤੇ ਮਾਣ ਨਾਲ ਕਰ ਸਕੇ, ਇਹਦੇ ਲਈ ਇਕ ਕੇਂਦਰੀ ਰਿਜ਼ਰਵ ਫੰਡ ਦੀ ਜ਼ਰੂਰਤ ਹੈ। ਦੋ ਹਜ਼ਾਰ ਤੋਂ ਵੱਧ ਦੀ ਮੈਂਬਰਸ਼ਿਪ ਵਾਲੀ ਇਸ ਸੰਸਥਾ ਵਿਚ ਘੱਟ ਤੋਂ ਘੱਟ ਅੱਧੇ ਮੈਂਬਰ ਜ਼ਰੂਰ ਅਜਿਹੇ ਹਨ ਜੋ 100 ਤੋਂ 500 ਰੁਪਏ ਤਕ ਫੰਡ ਦੇ ਸਕਦੇ ਹਨ। ਇਹ ਰਿਜ਼ਰਵ ਫੰਡ ਅਸੂਲਨ ਕਿਸੇ ਕਾਰਖਾਨੇਦਾਰ ਜਾਂ ਟਰਾਂਸਪੋਰਟਰ ਕੋਲੋਂ ਨਾ ਮੰਗਿਆ ਜਾਏ। ਲੇਖਕ ਆਪਣੇ ਖੂਨ ਪਸੀਨੇ ਦੀ ਕਮਾਈ ਵਿਚੋਂ ਦੇਣ ਅਤੇ ਫੇਰ ਫੰਡ ਉਤੇ ਪਹਿਰੇਦਾਰੀ ਵੀ ਕਰਨ। ਬੜੇ ਕੰਮ ਲੇਖਕ ਸਭਾ ਦੇ ਕਰਨ ਵਾਲੇ ਹਨ।

ਚੰਗੇ ਸਾਹਿਤ ਦੀ ਚੋਣ, ਉਹਦੀ ਪਹਿਚਾਣ ਅਤੇ ਵਾਜਬ ਕੀਮਤ ਵਿਚ ਲੋਕਾਂ ਤਕ ਪਹੁੰਚਾਣਾ, ਬਾਲ ਸਾਹਿਤ ਮੁਫਤ ਵਰਗੀ ਕੀਮਤ ਵਿਚ ਗਰੀਬ ਵਰਗ ਦੇ ਬਾਲਾਂ ਤਕ ਪਹੁੰਚਾਣਾ, ਵੱਡੀ ਪੱਧਰ ਉਤੇ ਸਾਹਿਤਕ ਕਾਨਫਰੰਸਾਂ, ਕਵੀ ਦਰਬਾਰ, ਨਾਟਕ, ਸਾਹਿਤਕ ਗੀਤ ਦਰਬਾਰ, ਕਰਵਾਉਣੇ ਇਹ ਸਭ ਕੇਂਦਰੀ ਰਿਜ਼ਰਵ ਫੰਡ ਵਿਚੋਂ ਹੋਣੇ ਚਾਹੀਦੇ ਹਨ। ਲੋਕ ਆਪਣੇ ਆਪ ਇਸ ਵਿਚ ਹਿੱਸੇਦਾਰੀ ਪਾਉਣਗੇ। ਲੇਖਕ ਸਭਾਵਾਂ ਆਪਣੇ ਆਪ ਨੂੰ ਲੇਖਕਾਂ ਤਕ ਹੀ ਮਹਿਦੂਦ ਰੱਖਣ ਦੀ ਰੁਚੀ ਤੋਂ ਨਿਜ਼ਾਤ ਪਾਉਣ। ਲੇਖਕ ਸਭਾਵਾਂ ਲਈ ਇਕ ਨੁਕਾਤੀ ਪ੍ਰੋਗਰਾਮ ਇਹ ਹੋਵੇ ਕਿ ਸਾਹਿਤ ਦਾ ਸੁਨੇਹਾ ਸਾਧਾਰਨ ਲੋਕਾਂ ਤਕ ਕਿਸ ਤਰ੍ਹਾਂ ਜਾਏ। ਜਥੇਦਾਰ ਤੋਤਾ ਸਿੰਘ ਪੰਜਾਬੀ ਸਾਹਿਤ ਦਾ ਇਕੋ-ਇਕ ਦੁਸ਼ਮਣ ਨਹੀਂ। ਇਹ ਸਾਰਾ ਵਰਤਾਰਾ ਗਰੀਬ ਦੁਸ਼ਮਣ ਹੈ। ਇਹ ਸਾਰਾ ਵਰਤਾਰਾ ਬਦਲਣਾ ਹੈ। ਇਸ ਨੂੰ ਸਿਆਸਤ ਕਰਾਰ ਦੇ ਕੇ ਇਸ ਕਾਰਜ ਤੋਂ ਪਾਸਾ ਵੱਟਣਾ ਠੀਕ ਨਹੀਂ।